بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 14.04.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਫ਼ਰਮਾਉਂਦੇ ਹਨ ਕਿ ਜੇਕਰ ਉਹਨਾਂ ਨੂੰ ਪਤਾ ਲੱਗ ਜਾਏ ਕਿ ਮੇਰੇ ਅੰਦਰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਦੀ ਜੋ ਜਵਾਲਾ ਬੱਲ ਰਹੀ ਹੈ ਉਹ ਉਹਨਾ ਦੇ ਲਖਾਂ ਦੇ ਅੰਦਰ ਵੀ ਨਹੀਂ ਤਾਂ ਉਹ ਝੱਟ ਅਹਮਦੀਆਂ ਦੇ ਕਦਮਾਂ ਵਿੱਚ ਡਿੱਗ ਜਾਣਗੇ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 14 ਮਈ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਦਿਨੀ ਇਕ ਮੌਲਵੀ ਸਾਹਬ ਸੋਸ਼ਲ ਮੀਡੀਆ'ਤੇ ਕਹਿ ਰਹੇ ਸਨ ਕਿ ਫ਼ਲਸਤੀਨ ਸਣੇ ਸੰਸਾਰ ਵਿੱਚ ਜਿੱਥੇ ਕਿਤੇ ਵੀ ਫ਼ਸਾਦ ਹੋ ਰਹੇ ਹਨ ਜਾਂ ਲੜਾਈਆਂ ਹੋ ਰਹੀਆਂ ਹਨ, ਇਹਨਾ ਦਾ ਕਾਰਣ ਕਾਦੀਆਨੀ ਹਨ, ਸੋ, ਇਹਨਾ ਨੂੰ ਮਾਰਨਾ, ਕਤਲ ਕਰਨਾ ਹਰ ਜੀਜ਼ ਜਾਇਜ਼ ਹੈ । ਅਹਮਦੀਅਤ ਦੇ ਅਰੰਭ ਤੋਂ ਹੁਣ ਤੱਕ ਇਹਨਾ ਇਨਕਾਰੀਆਂ ਦਾ ਇਹੋ ਵਤੀਰਾ ਚਲਿਆ ਆ ਰਿਹਾ ਹੈ, ਪਰ ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਅਸੀਂ ਉਸ ਮਸੀਹ ਮੌਊਦ ਦੇ ਮੰਨ੍ਹਣ ਵਾਲੇ ਹਨ ਜਿਸ ਨੇ ਸਾਨੂੰ ਇਹਨਾ ਸਾਰੀਆਂ ਜ਼ਲਮਾਨਾ ਕਾਰਵਾਈਆਂ ਦੇ ਹੁੰਦਿਆਂ ਹੋਇਆਂ ਵੀ ਸਬਰ ਅਤੇ ਦੁਆ ਨਾਲ ਕੰਮ ਲੈਂਣ ਦੀ ਤਲਕੀਨ ਕੀਤੀ ਹੈ । ਜਿਵੇਂ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਹਵਾਲੇ ਨਾਲ ਈਦ ਦੇ ਖ਼ੁਤਬੇ ਵਿੱਚ ਕਿਹਾ ਸੀ ਕਿ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਦੁਸ਼ਮਣਾ ਲਈ ਵੀ ਦੁਆ ਕਰੋ । ਇਹ ਵਿਰੋਧਤਾ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜ਼ਮਾਨੇ ਤੋਂ ਅਰੰਭ ਹੈ । ਆਪ ਅਲੈਹਿ ਸਲਾਮ ਉਪੱਰ ਵੀ ਹਮਲੇ ਕੀਤੇ ਗਏ, ਆਪ ਦੀਆਂ ਗਲੱਾਂ ਸੁਣਨ ਤੇ ਜਲਸਿਆਂ ਵਿੱਚ ਆਉਣ ਤੋਂ ਲੋਕਾਂ ਨੂੰ ਰੋਕਿਆ ਜਾਂਦਾ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਆਪ ਅਲੈਹਿ ਸਲਾਮ ਨੇ ਇਹਨਾ ਜ਼ਾਲਮਾ ਲਈ ਦੁਆ ਕੀਤੀ ਇਹ ਦੁਆਵਾਂ ਦਾ ਹੀ ਸਿਟੱਾ ਹੈ ਸੀ ਕਿ ਇਹਨਾ ਵਿੱਚੋਂ ਕੁਝ ਵਿਰੋਧੀ ਆਪ ਅਲੈਹਿ ਸਲਾਮ ਦੀ ਸਚੱਾਈ ਦੇ ਕਾਇਲ ਹੋਕੇ ਜਮਾਤ ਵਿੱਚ ਸ਼ਾਮਲ ਵੀ ਹੋਏ ਅਤੇ ਹੁਣ ਤੱਕ ਹੋ ਰਹੇ ਹਨ । ਸੋ, ਇਹਨਾ ਵਿਰੋਧੀ ਮੁਸਲਮਾਨਾ ਲਈ ਅਸੀਂ ਇਹਨਾ

ਲੋਕਾਂ ਦੀਆਂ ਗਲੱਾਂ ਸੁਣਨ ਦੇ ਬਾਦ ਵੀ ਦੁਆ ਕਰਦੇ ਹਾਂ । ਇਹਨਾ ਦੇ ਦੁੱਖ'ਤੇ ਸਾਨੂੰ ਦੁੱਖ ਹੁੰਦਾ ਹੈ ਕਿਉਂਕਿ ਇਹੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੀਖ ਹੈ । ਫ਼ਿਰ ਰੱਬ ਨੇ ਵੀ ਆਪ ਅਲੈਹਿ ਸਲਾਮ ਨੂੰ ਇਹ ਫ਼ਰਮਾਇਆ ਸੀ ਕਿ ਇਹਨਾ ਦੇ ਇਹ ਜ਼ੁਲਮ ਤੇ ਗ਼ਲਤ ਫ਼ਹਿਮੀ, ਰਸੂਲੇ ਪਾਕ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਕਰਕੇ ਹਨ । ਇਸ ਲਈ ਇਹਨਾ ਲਈ ਬਦ ਦੁਆ ਨਹੀਂ ਕਰਨੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਅਜੇ ਬਚੱਾ ਹੀ ਸੀ, ਲਹੌਰ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਿਸੇ ਦਾਵਤ ਤੋਂ ਵਾਪਸ ਪਰਤ ਰਹੇ ਸਨ ਤਾਂ ਰਸਤੇ ਵਿੱਚ ਲੋਕ ਗਾਲ੍ਹਾਂ ਦਿੰਦੇ ਸਨ । ਇਕ ਬੁਢੱਾ ਲੂਲਾ ਵਿਅਕਤੀ ਆਪਣੇ ਚੰਗੇ ਹੱਥ ਨੂੰ ਆਪਣੇ ਕੱਟੇ ਹੋਏ ਹੱਥ'ਤੇ ਮਾਰਦਾ ਅਤੇ ਕਹਿੰਦਾ ਜਾਂਦਾ ਕਿ ਮਿਰਜ਼ਾ ਨੱਠ ਗਿਆ । ਇਸ ਪ੍ਰਕਾਰ ਲਹੌਰ ਸ਼ਹਿਰ ਵਿੱਚ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ'ਤੇ ਹਮਲਾ ਵੀ ਹੋਇਆ, ਪਥੱਰਾਅ ਵੀ ਕੀਤਾ ਗਿਆ । ਸਾਧਾਰਣ ਲੋਕਾਂ ਦੀ ਇਸ ਦੁਸ਼ਮਣੀ ਤੇ ਵਿਰੋਧਤਾ ਦੇ ਪਿੱਛੇ ਆਂਹਜ਼ਰਅਤ ਸਲਲੱਾਹੁ ਅਲੈਹਿ ਵਸਲੱਮ ਨਾਲ ਦਿਲੀ ਲਗਾਓ ਤੇ ਪ੍ਰੇਮ ਦੀ ਭਾਵਨਾ ਕੰਮ ਕਰ ਸੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੇਕਰ ਉਹਨਾ ਨੂੰ ਪਤਾ ਲੱਗ ਜਾਏ ਕਿ ਮੇਰੇ ਅੰਦਰ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਦੀ ਜੋ ਜਵਾਲਾ ਬੱਲ ਰਹੀ ਹੈ ਉਹ ਉਹਨਾ ਦੇ ਲਖੱਾਂ ਦੇ ਅੰਦਰ ਵੀ ਨਹੀਂ ਤਾਂ ਉਹ ਝੱਟ ਤੁਸੀਂ ਅਹਮਦੀਆਂ ਦੇ ਕਦਮਾਂ ਵਿੱਚ ਡਿੱਗ ਜਾਣਗੇ । ਚੇਤੇ ਰੱਖੋ ਕਿ ਇਹ ਵਿਰੋਧੀ ਤੁਹਾਡੇ ਭਰਾ ਹਨ ਅਤੇ ਗ਼ਲਤ ਫ਼ਹਿਮੀ ਵਿੱਚ ਗ੍ਰਿੱਸੇ ਹੋਏ ਹਨ, ਤੁਸੀਂ ਇਹਨਾਂ ਤੋਂ ਰੁਸੱਣ ਦੀ ਥਾਂ ਇਹਨਾ ਲਈ ਦੁਆ ਕਰੋ ।

ਹਜ਼ਰਤ ਮੌਲਵੀ ਅਬਦੁਲ ਕਰੀਮ ਸਾਹਬ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਘਰ ਦੇ ਹੇਠਲੇ ਭਾਗ ਵਿੱਚ ਠਹਿਰੇ ਹੋਏ ਸਨ ਅਤੇ ਮੈਂ ਚੁਬਾਰੇ'ਤੇ ਅਰਥਾਤ ਉਪੱਰਲੀ ਮੰਜ਼ਲ'ਤੇ ਰਹਿੰਦਾ ਸੀ । ਇਕ ਰਾਤ ਹਜ਼ੂਰ ਅਲੈਹਿ ਸਲਾਮ ਦੇ ਰੋਣ ਦੀ ਅਹਿਜਹੀ ਅਵਾਜ਼ ਆਈ ਜਿਵੇਂ ਕੋਈ ਇਸਤਰੀ ਗਰਭ ਪ੍ਰਸਾਰਣ ਸਮੇਂ ਪੀੜ੍ਹਾ ਨਾਲ ਚੀਕਦੀ ਹੈ । ਮੈਂ ਕੰਨ੍ਹ ਲਾਕੇ ਸੁਣਿਆ ਤਾਂ ਹਜ਼ੂਰ ਅਲੈਹਿ ਸਲਾਮ ਦੁਆ ਕਰ ਰਹੇ ਸਨ ਕਿ ਹੇ ਖ਼ੁਦਾ ! ਤਾਊਨ (ਪਲੇਗ) ਪਈ ਹੋਈ ਹੈ ਅਤੇ ਲੋਕ ਇਸ ਦੇ ਸਬਬ ਮਰ ਰਹੇ ਹਨ, ਜੇਕਰ ਇਹ ਸਾਰੇ ਲੋਕ ਮਰ ਗਏ ਤਾਂ ਤੇਰੇ ਉਪੱਰ ਕੌਣ ਇਮਾਨ ਲਿਆਏਗਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਲਹੁ ਅਨਹੁ ਫ਼ਰਮਾਉਂਦੇ ਹਨ ਹੁਣ ਦੇਖੋ ਕਿ ਤਾਊਨ ਉਹ ਨਿਸ਼ਾਨ (ਚਮਤਕਾਰ) ਸੀ ਜੋ ਆਪ ਅਲੈਹਿ ਸਲਾਮ ਦੀ ਸਚੱਾਈ ਦੇ ਪ੍ਰਮਾਣ ਲਈ ਪ੍ਰਕਟ ਹੋਇਆ ਪਰ ਫਿਰ ਵੀ ਆਪ ਰੱਬ ਦੀ ਹਜ਼ੂਰੀ ਵਿੱਚ ਗਿੜ ਗਿੜਾਉਂਦੇ ਹਨ ਤੇ ਲੋਕਾਂ ਲਈ ਦੁਆ ਕਰਦੇ ਹਨ । ਸੋ, ਮੋਮਿਨ ਨੂੰ ਸਾਧਾਰਣ ਲੋਕਾਂ ਲਈ ਬਦ ਦੁਆ ਨਹੀਂ ਕਰਨੀ ਚਾਹੀਦੀ । ਅਖ਼ੀਰ ਤੁਹਾਡੇ ਤੋਂ ਬਹੁਤੀ ਰੱਬ ਦੀ ਗ਼ੈਰਤ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਇਲਹਾਮ ਰਾਹੀਂ ਫ਼ਰਮਾਇਆ ਕਿ :

اے دل تو نیز خاطر اینان نگاہ دار

کاخر کنند دعوئے حُبّ پیمبرمؐ

ਐ ਦਿਲ ਤੂ ਨੀਜ਼ ਖ਼ਾਤਰ ਇਨਾਨ ਦਿਗਾਹ ਦਾਰ

## ਕਾ ਖ਼ਰ ਕੁਨੰਦ ਦਾਵਾਏ ਹੁੱਬੇ ਪਯੰਬਰਮ

ਇਸ ਸ਼ੇਅਰ ਵਿੱਚ ਰੱਬ ਹਜ਼ਰਤ ਮਸੀਹ ਮੌਊਦ ਦੇ ਦਿਲ ਨੂੰ ਸੰਬੋਧਤ ਕਰਕੇ ਆਪ ਦੇ ਮੂੰਹੋਂ ਅਖਵਾਉਂਦਾ ਹੈ ਕਿ ਹੇ ਮੇਰੇ ਦਿਲ ! ਤੂੰ ਇਹਨਾ ਲੋਕਾਂ ਦੀਆਂ ਭਾਵਨਾਵਾਂ ਤੇ ਜਜ਼ਬਿਆਂ ਦਾ ਧਿਆਨ ਰੱਖਿਆ ਕਰ ਤਾਂ ਇਹਨਾ ਦੇ ਦਿਲ ਮੈਲੇ ਨ ਹੋਣ । ਇਹ ਨ ਹੋਵੇ ਕਿ ਤੂੰ ਤੰਗ ਆ ਕੇ ਬਦ ਦੁਆ ਕਰਨ ਲੱਗ ਜਾਏਂ, ਅਖ਼ੀਰ ਇਹਨਾ ਨੂੰ ਤੇਰੇ ਰਸੂਲ ਨਾਲ ਪ੍ਰੇਮ ਹੈ ਅਤੇ ਇਸ ਕਰਕੇ ਉਹ ਤੈਨੂੰ ਗਾਲ੍ਹਾਂ ਕਢੱਦੇ ਹਨ ।

ਇਹੋ ਅਸਲ ਚੀਜ਼ ਹੈ, ਅਸੀਂ ਜਾਂਣਦੇ ਹਾਂ ਕਿ ਸਾਡੇ ਵਿਰੋਧੀਆਂ ਵਿੱਚ ਇਕ ਹਿਸੱਾ ਅਜਾਈਂ ਹੀ ਵਿਰੋਧਤਾ ਕਰ ਰਿਕਹਾ ਹੈ ਪਰ ਪਾਕਿਸਤਾਨ ਅਤੇ ਦੁਨੀਆ ਦੇ ਹੋਰਨਾ ਦੇਸ਼ਾਂ ਵਿੱਚ ਵੀ ਇਕ ਭਾਗ ਕੇਵਲ ਇਹਨਾ ਦੇ ਜਾਲ ਵਿੱਚ ਫੱਸ ਗਿਆ ਹੈ । ਇਹਨਾ ਦੀ ਇਹ ਵਿਰੋਧਤਾ ਸਾਡੇ ਆਕਾ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਕਰਕੇ ਹੈ, ਜੱਦ ਇਹ ਗੱਲ ਇਹਨਾ'ਤੇ ਖੁੱਲ੍ਹ ਜਾਏਗੀ ਕਿ ਅਸੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨਾਲ ਪ੍ਰੇਮ ਕਰਨ ਵਾਲੇ ਹਾਂ ਤਾਂ ਉਹ ਕਹਿਣਗੇ ਕਿ ਇਹਨਾ ਦੀ ਮਦਦ ਕਰੋ । ਇਹ ਦਿਨ ਜ਼ਰੂਰ ਆਏਗਾ ਅਤੇ ਇਹ ਵਿਰੋਧਤਾ ਇਨਸ਼ਾਅਲੱਾਹ ਇਕ ਦਿਨ ਖ਼ਤਮ ਹੋ ਜਾਏਗੀ ।

ਜੇਕਰ ਇਹ ਮੌਲਵੀ ਸਾਡੇ ਵਿਰੁਧ ਬਿਆਨ ਦਿੰਦੇ ਹਨ ਤਾਂ ਇਹ ਸਾਡੇ ਲਈ ਲਾਭ ਦਾ ਕੰਮ ਕਰ ਰਹੇ ਹਨ ਕਿਉਂਕਿ ਇਸ ਤਰੀਕੇ ਨਾਲ ਜਿੱਥੇ ਸਾਡੇ ਵੱਲੋਂ ਸੰਦੇਸ਼ ਪਹੁੰਚਾਉਂਣਾ ਔਖਾ ਸੀ ਇਹਨਾ ਵਿਰੋਧੀਆਂ ਰਾਹੀਂ ਇਹ ਕੰਮ ਹੋ ਰਿਹਾ ਹੈ । ਸਾਡਾ ਕੰਮ ਇਹੋ ਹੈ ਕਿ ਅਸੀਂ ਦੁਆ ਤੇ ਸਬਰ ਨਾਲ ਕੰਮ ਲੈਂਦਿਆਂ ਹੋਇਆਂ ਆਪਣੇ ਵਿਚਾਰਾਂ ਅਤੇ ਅਨੁਭਵਾਂ ਨੂੰ ਸਾਫ਼ ਸੁਥਰਾ ਰੱਖੀਏ । ਇਹਨਾ ਲਈ ਦੁਆ ਕਰਦੇ ਰਹੋ ਕਿ ਅਲੱਾਹ ਤਆਲਾ ਛੇਤੀ ਇਹਨਾ ਦੀਆਂ ਅਖੱਾਂ ਖੋਲੇ ਅਤੇ ਇਹ ਜ਼ਮਾਨੇ ਇਮਾਮ ਨੂੰ ਪਛਾਨਣ ਵਾਲੇ ਬਣ ਜਾਣ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 14.04.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131